# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਦਫ਼ਤਰ ਡੀਨ, ਕਾਲਜ ਵਿਕਾਸ ਕੌਂਸਲ**

ਨੰ. 213 ਡੀ.ਕਾ

ਮਿਤੀ 10-06-22

**ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ**

**ਦੇ ਚੇਅਰਮੈਨ/ਪ੍ਰਿੰਸੀਪਲ/ਸਾਹਿਬਾਨਾਂ ਨੂੰ**

ਯੂਨੀਵਰਸਿਟੀ ਦੇ ਸੁਰੱਖਿਆ ਅਫ਼ਸਰ ਵੱਲੋਂ ਹਸਤਾਖਰ-ਕਰਤਾ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਟਰੈਫ਼ਿਕ ਦੀ ਸਮੱਸਿਆ ਸਬੰਧੀ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ Traffic Planning & Enforcement Committee ਦੀਆਂ ਸਿਫ਼ਾਰਿਸ਼ਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕਾਲਜਾਂ ਨੂੰ ਦੋ-ਦੋ Laminated ਪਾਸ ਇਸ਼ੂ ਕੀਤੇ ਗਏ ਹਨ ਅਤੇ ਲਗਭਗ ਸਾਰੇ ਹੀ ਕਾਲਜਾਂ ਨੂੰ ਇਹ ਪਾਸ ਜਾਰੀ ਕੀਤੇ ਜਾ ਚੁੱਕੇ ਹਨ। ਹੁਣ ਇਹ ਦੇਖਣ ਵਿੱਚ ਆਇਆ ਹੈ ਕਿ ਜਿਹੜੇ ਕਾਲਜਾਂ ਨੂੰ ਦੋ-ਦੋ Laminated ਪਾਸ ਜਾਰੀ ਕੀਤੇ ਜਾ ਚੁੱਕੇ ਹਨ, ਉਨ੍ਹਾਂ ਦੇ ਪ੍ਰਿੰਸੀਪਲ ਸਾਹਿਬ ਜਾਂ ਹੋਰ ਕਰਮਚਾਰੀ ਰਿਟਾਇਰ ਹੋਣ ਉਪਰੰਤ ਇਹ ਪਾਸ ਆਪਣੇ ਨਾਲ ਹੀ ਲੈ ਗਏ ਹਨ ਜਾਂ ਇਹ ਪਾਸ ਗੁੰਮ ਹੋ ਚੁੱਕੇ ਹਨ। ਉਨ੍ਹਾਂ ਕਾਲਜਾਂ ਵੱਲੋਂ ਦੁਬਾਰਾ ਐਂਟਰੀ ਗੇਟ ਪਾਸ ਦੀ ਮੰਗ ਕੀਤੀ ਜਾ ਰਹੀ ਹੈ। ਸੁਰੱਖਿਆ ਵਿਭਾਗ ਵੱਲੋਂ ਸਾਲ 2015 ਵਿੱਚ ਐਂਟਰੀ ਪਾਸ ਬਾਹਰੋਂ ਪ੍ਰਿੰਟ ਕਰਵਾਏ ਗਏ ਸਨ ਅਤੇ ਸੁਰੱਖਿਆ ਵਿਭਾਗ ਵਿਖੇ ਹੁਣ ਹੋਰ ਪਾਸ ਮੌਜੂਦ ਨਹੀਂ ਹਨ। ਸਪਸ਼ਟ ਹੈ ਕਿ ਜਿਹੜੇ ਕਾਲਜਾਂ ਨੂੰ ਦੋ-ਦੋ Laminated ਪਾਸ ਜਾਰੀ ਕੀਤੇ ਜਾ ਚੁੱਕੇ ਹਨ, ਕਿਰਪਾ ਕਰਕੇ ਉਹ ਹੋਰ ਪਾਸ ਦੀ ਮੰਗ ਨਾ ਕਰਨ ਅਤੇ ਇਹ ਵੀ ਯਕੀਨੀ ਬਣਾਉਣ ਕਿ ਕਾਲਜਾਂ ਦੇ ਜਿਹੜੇ ਅਧਿਕਾਰੀ ਰਿਟਾਇਰ ਹੁੰਦੇ ਹਨ, ਉਹ ਰਿਟਾਇਰ ਹੋਣ ਸਮੇਂ ਪਾਸ ਸਬੰਧਿਤ ਕਾਲਜ ਵਿੱਚ ਜਮ੍ਹਾ ਕਰਵਾ ਕੇ ਜਾਣ ਜੀ।

ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਆਪ ਦੇ ਕਾਲਜਾਂ ਨੂੰ ਦੋ-ਦੋ Laminated ਪਾਸ ਜਾਰੀ ਕੀਤੇ ਜਾ ਚੁੱਕੇ ਹਨ, ਉਨ੍ਹਾਂ ਦੀ ਦੁਰਵਰਤੋਂ ਤਾਂ ਨਹੀਂ ਕੀਤੀ ਜਾ ਰਹੀ ਕਿਉਂ ਕਿ ਯੂਨੀਵਰਸਿਟੀ ਸੁਰੱਖਿਆ ਵਿਭਾਗ ਵੱਲੋਂ ਪਿਛਲੇ ਕੁਝ ਦਿਨਾਂ ਵਿੱਚ ਕਾਲਜਾਂ ਦੇ ਵਿਦਿਆਰਥੀ ਪਕੜੇ ਗਏ ਹਨ ਜੋ ਕਿ ਜਾਰੀ ਹੋਏ ਇਨ੍ਹਾਂ ਐਂਟਰੀ ਗੇਟ ਪਾਸ ਦੀ ਮਦਦ ਨਾਲ ਯੂਨੀਵਰਸਿਟੀ ਕੈਂਪਸ ਅੰਦਰ ਆਪਣੀ ਗੱਡੀ ਸਮੇਤ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਇੱਕ ਗੰਭੀਰ ਮਸਲਾ ਹੈ ਅਤੇ ਯੂਨੀਵਰਸਿਟੀ ਦੀ ਸੁਰੱਖਿਆ ਲਈ ਉਚਿੱਤ ਨਹੀਂ ਹੈ, ਅਜਿਹੀ ਸਥਿਤੀ ਵਿੱਚ ਜੇਕਰ ਕੋਈ ਅਣਸੁਖਾਵੀਂ ਘਟਨਾ ਕੈਂਪਸ ਅੰਦਰ ਵਾਪਰਦੀ ਹੈ ਤਾਂ ਉਸ ਦੀ ਸਾਰੀ ਜ਼ੁੰਮੇਵਾਰੀ ਸਬੰਧਿਤ ਕਾਲਜ/ਮੈਨੇਜਮੈਂਟ ਦੀ ਹੋਵੇਗੀ।

ਇਸ ਲਈ ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਵੱਲੋਂ ਕਾਲਜਾਂ ਨੂੰ ਜੋ Laminated ਪਾਸ ਜਾਰੀ ਕੀਤੇ ਜਾ ਚੁੱਕੇ ਹਨ, ਉਨ੍ਹਾਂ ਦੀ ਫੋਟੋ ਕਾਪੀ E-mail: dean_cdc@pbi.ac.in ਤੇ ਭੇਜੀ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਦੋਨੋਂ ਪਾਸ ਇਸ ਵਕਤ ਕਾਲਜ ਵੱਲੋਂ ਕਿਸ ਅਧਿਕਾਰੀ ਨੂੰ Issue ਕੀਤੇ ਗਏ ਹਨ। ਐਂਟਰੀ ਗੇਟ ਪਾਸ ਸਬੰਧੀ ਇਹ ਜਾਣਕਾਰੀ ਇੱਕ ਹਫਤੇ ਦੇ ਅੰਦਰ-ਅੰਦਰ ਭੇਜਣੀ ਲਾਜਮੀ ਹੋਵੇਗੀ।

10/6/22

**ਡੀਨ, ਕਾਲਜ ਵਿਕਾਸ ਕੌਂਸਲ**